BRAMPTON Flower City brampton.ca

media release

27 ਜੂਨ, 2018

# ਗਾਰਡਨ ਸਕਵੇਅਰ ਵਿੱਚ ਗਰਮੀ ਆ ਗਈ ਹੈ

ਬ੍ਰੈਂਪਟਨ, ਓਨਟੈਰੀਓ – ਪੂਰੀ ਗਰਮੀ ਰੋਜ਼ਾਨਾ ਪ੍ਰੋਗਰਾਮਾਂ ਅਤੇ ਪਰਿਵਾਰ ਦੇ ਅਨੁਕੂਲ ਗਤੀਵਿਧੀਆਂ ਦਾ ਅਨੰਦ ਮਾਣਨ ਲਈ ਬ੍ਰੈਂਪਟਨ ਦੇ ਜੋਸ਼ੀਲੇ ਗਾਰਡਨ ਸਕਵੇਅਰ (Garden Square) ਵਿਖੇ ਆਓ! ਸ਼ਹਿਰ ਦੇ ਵੰਨ-ਸੁਵੰਨੇ ਕਲਾ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਵੋ, ਜਿਹਨਾਂ ਵਿੱਚ ਸ਼ਾਮਲ ਹਨ: ਲਾਈਵ ਮਨੋਰੰਜਨ, ਵਿਸ਼ਾਲ ਐਲ.ਈ.ਡੀ. (LED) ਸਕ੍ਰੀਨ 'ਤੇ ਮੂਵੀ ਨਾਈਟਸ, ਸਥਾਨਕ ਕਲਾਕਾਰ ਆਦਿ। ਮੇਨ ਅਤੇ ਕਵੀਨ ਸਟ੍ਰੀਟਸ (Main and Queen Streets) 'ਤੇ ਡਾਊਨਟਾਊਨ ਵਿਖੇ ਸਥਿਤ, ਗਾਰਡਨ ਸਕਵੇਅਰ ਸੀਜਨ ਦਾ ਪੂਰੀ ਤਰ੍ਹਾਂ ਅਨੰਦ ਮਾਣਨ ਲਈ ਬਹੁਤ ਵਧੀਆ ਥਾਂ ਹੈ।

ਇਸ ਸਾਲ ਦੇ ਮੁੱਖ ਕਾਰਜਕਰਮਾਂ ਵਿੱਚ ਸ਼ਾਮਲ ਹਨ:

- ਗਾਰਡਨ ਸਕਵੇਅਰ ਵਿੱਚ ਵਰਲਡ ਕੱਪ (World Cup) ਫੀਵਰ! ਖੇਡਾਂ (ਗੇਮਸ) ਦਾ ਪ੍ਰਸਾਰਨ 15 ਜੁਲਾਈ ਨੂੰ ਗਰੁੱਪ ਸਟੇਜਾਂ ਤੋਂ ਫਾਈਨਲਸ ਤੱਕ ਕੀਤਾ ਜਾਵੇਗਾ।
- ਐਤਵਾਰ, 8 ਜੁਲਾਈ ਨੂੰ ਬ੍ਰੈਂਪਟਨ ਦਾ ਸਭ ਤੋਂ ਪਹਿਲਾ ਪ੍ਰਾਈਡ (Pride) ਜਸ਼ਨ ਪਰਿਵਾਰ ਦੇ ਅਨੁਕੂਲ ਮਨੋਰੰਜਨ, ਪ੍ਰਦਰਸ਼ਕਾਂ, ਸੰਗੀਤ ਆਦਿ ਪੇਸ਼ ਕਰੇਗਾ
- 22 ਜੁਲਾਈ ਨੂੰ ਸਟੌਂਪ 'N' ਸਟੈਮਪੀਡ (Stomp 'N' Stampede) – ਆਪਣਾ ਚਰਵਾਹਾ (ਕਾਉਬਵਾਇ) ਹੈਟ ਅਤੇ ਬੂਟ ਲਓ ਅਤੇ ਸ਼ਾਮਲ ਹੋਵੋ।
- ਇਸ ਸਾਲ ਨਵਾਂ ਕਾਰਜਕਰਮ, ਪਾਰਕਸ N' ਰੈਕ (Parks N' Wreck), 12 ਅਗਸਤ ਨੂੰ ਮੁਫ਼ਤ ਵਰਕਸ਼ਾਪਸ, ਸਟ੍ਰੀਟ ਡਾਂਸ ਮੁਕਾਬਲੇ, ਅਤੇ ਸੋਸ਼ਲ ਡਾਂਸਿੰਗ ਪੇਸ਼ ਕਰੇਗਾ।
- ਸ਼ਹਿਰ ਦੀ ਮਨਪਸੰਦ, ਈਸਟ ਕੋਸਟ ਕਿਚਨ ਪਾਰਟੀ (East Coast Kitchen Party), 26 ਅਗਸਤ ਨੂੰ ਹੋਵੇਗੀ। ਸਮੁੰਦਰ ਕੋਲ ਅਤੇ ਮੇਨਲੈਂਡ ਵਿੱਚ ਰਹਿਣ ਵਾਲੇ ਨਿਵਾਸੀਆਂ ਨੂੰ ਮਨੋਰੰਜਨ, ਗਤੀਵਿਧੀਆਂ ਅਤੇ ਸੁਆਦੀ ਭੋਜਨ ਦੇ ਨਾਲ ਈਸਟ ਕੋਸਟ (East Coast) ਦੇ ਸੱਭਿਆਚਾਰ ਦਾ ਜਸ਼ਨ ਮਨਾਉਣ ਲਈ ਸੱਦਾ ਦਿੱਤਾ ਜਾਂਦਾ ਹੈ।

ਗਾਰਡਨ ਸਕਵੇਅਰ ਅਜਿਹੀ ਥਾਂ ਹੈ, ਜਿੱਥੇ ਬ੍ਰੈਂਪਟਨ ਕਿਰਿਆਸ਼ੀਲ ਹੁੰਦਾ ਹੈ। ਪੂਰੀ ਕਾਰਜਕਰਮ ਸੂਚੀ ਲਈ www.brampton.ca/gardensquare 'ਤੇ ਜਾਓ:

- ਹਰੇਕ ਸੋਮਵਾਰ: ਬ੍ਰੈਂਪਟਨ ਔਨ ਸਕ੍ਰੀਨ (Brampton on Screen) · ਸ਼ਾਮ 7 ਵਜੇ
- ਹਰੇਕ ਮੰਗਲਵਾਰ: ਅਨਬੌਕਸਡ (ਜਸਟ ਫਾਰ ਯੂਥ) (Unboxed (Just for Youth)) · ਸ਼ਾਮ 7 ਵਜੇ
- ਹਰੇਕ ਬੁੱਧਵਾਰ: ਬ੍ਰੈਂਪਟਨ ਔਨ ਸਟੇਜ (Brampton on Stage) · ਸ਼ਾਮ 7 ਵਜੇ
- ਹਰੇਕ ਵੀਰਵਾਰ: ਬਾਲੀਵੁੱਡ ਫਿਲਮ ਨਾਈਟਸ (Bollywood Film Nights) · ਸ਼ਾਮ 7 ਵਜੇ
- ਹਰੇਕ ਸ਼ੁੱਕਰਵਾਰ: ਫ੍ਰਾਈਡੇ ਨਾਈਟ ਲਾਈਵ (Friday Night Live) · ਰਾਤ 8 ਵਜੇ ਸ਼ੁਰੂਆਤੀ ਪੇਸ਼ਕਾਰੀ | ਰਾਤ 9 ਵਜੇ ਮੁੱਖ ਪ੍ਰਦਰਸ਼ਕ (Headliner)
- ਹਰੇਕ ਸ਼ਨੀਵਾਰ: ਸੈਟਰਡੇ ਨਾਈਟ ਮੂਵੀਜ (Saturday Night Movies) · ਸ਼ਾਮ 7 ਵਜੇ | ਰਾਤ 9 ਵਜੇ
- ਹਰੇਕ ਐਤਵਾਰ: ਖ਼ਾਸ ਕਾਰਜਕਰਮ

ਦ Rose (ਰੋਜ਼) ਸਮਰ ਥਿਏਟਰ ਸੀਰੀਜ਼ ਦੇ ਨਾਲ ਇੱਕ ਭਰਪੂਰ ਵਿਵਿਧ 2018 – 2019 ਸੀਜਨ ਸ਼ੁਰੂ ਹੁੰਦਾ ਹੈ, ਜੋ 24 ਜੁਲਾਈ ਤੋਂ 7 ਸਤੰਬਰ ਤੱਕ ਚੱਲੇਗਾ। 4 ਅਗਸਤ ਨੂੰ ਫਲਾਵਰ ਸਿਟੀ ਭੰਗੜਾ (Flower City Bhangra) ਦੇ ਨਾਲ ਭਾਈਵਾਲੀ ਵਿੱਚ, ਉੱਤਰੀ ਅਮਰੀਕਾ (North America) ਦੇ ਸਭ ਤੋਂ ਵੱਡੇ ਭੰਗੜਾ ਮੁਕਾਬਲੇ ਦਾ ਅਨੰਦ ਮਾਣੋ। ਸਤੰਬਰ ਦੇ ਸ਼ੁਰੂ ਵਿੱਚ ਮਾਈਕਲ ਕੈਸ਼ੈਮਰ (Michael Kaeshammer) ਦੀ ਮੁੱਖ ਪੇਸ਼ਕਾਰੀ ਦੇ ਨਾਲ, ਵਰਲਡ ਆਫ ਜੈਜ਼ ਫੈਸਟੀਵਲ (World of Jazz Festival) ਦਾ ਮਜ਼ਾ ਲਓ, ਜੋ ਕਿ ਬ੍ਰੈਂਪਟਨ ਦੇ ਸੰਗਠਨ ਬੀ-ਜੈਜ਼ਡ (B-Jazzed) ਦੇ ਨਾਲ ਭਾਈਵਾਲੀ ਵਿੱਚ ਪੇਸ਼ ਕੀਤਾ ਜਾਂਦਾ ਹੈ।

**ਹਵਾਲਾ**

“ਨਿਵਾਸੀ ਆਪਣੇ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਦੇ ਨਾਲ ਇਕੱਠੇ ਹੋਣ ਲਈ ਰੋਮਾਂਚਕ ਜਨਤਕ ਥਾਵਾਂ ਵਾਲਾ ਇੱਕ ਜੋਸ਼ੀਲਾ ਸ਼ਹਿਰ ਚਾਹੁੰਦੇ ਹਨ। ਗਾਰਡਨ ਸਕਵੇਅਰ ਅਤੇ ਦ ਰੋਜ਼ ਅਜਿਹੀਆਂ ਹੀ ਥਾਵਾਂ ਹਨ। ਇਸ ਗਰਮੀ ਵਿੱਚ, ਡਾਊਨਟਾਊਨ ਬ੍ਰੈਂਪਟਨ ਵਿੱਚ ਯੋਜਨਾਬੱਧ ਪੇਸ਼ਕਸ਼ਾਂ ਸੱਭਿਆਚਾਰਕ ਤੌਰ 'ਤੇ ਵੰਨ-ਸੁਵੰਨੀਆਂ ਅਤੇ ਸੰਮਿਲਿਤ ਹਨ, ਅਤੇ ਹਰੇਕ ਲਈ ਮਜ਼ੇਦਾਰ ਹੋਣ ਦਾ ਭਰੋਸਾ ਦਵਾਉਣ ਵਾਲੀਆਂ ਹਨ। ਮੈਂ ਤੁਹਾਨੂੰ ਇਸ ਭਾਈਚਾਰਕ ਥਾਂ ਵਿੱਚ ਊਰਜਾ ਦਾ ਹਿੱਸਾ ਬਣਨ ਅਤੇ ਸੁਆਗਤੀ ਅਹਿਸਾਸ ਦਾ ਆਨੰਦ ਮਾਣਨ ਲਈ ਸਕਵੇਅਰ ਅਤੇ ਡਾਊਨਟਾਊਨ ਆਉਣ ਦਾ ਸੱਦਾ ਦਿੰਦੀ ਹਾਂ।”

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।